

## ਮੈਂ ਪੇਸ਼ੈਂਟ ਕੇਅਰ ਕੁਆਲਿਟੀ (ਮਰੀਜ਼ ਦੀ ਦੇਖਭਾਲ ਦੀ ਗੁਣਵੱਤਾ) ਆਫ਼ਿਸ ਨਾਲ ਕਿਵੇਂ ਸੰਪਰਕ ਕਰਾਂ?


**ਫ਼ੋਨ (ਟੋਲ-ਫ਼੍ਰੀ):**
**1 877 880-8823**

**ਫ਼ੈਕਸ:**
**604 463-1888**

**ਡਾਕ ਪਤਾ:**
**11762 Laity Street**
**4th Floor**
**Maple Ridge, B.C.**
**V2X 5A3**

**ਆਪ ਆ ਕੇ ਮਿਲਣ ਲਈ ਪਤਾ:**
ਸਵੇਰੇ 8:30 ਤੋਂ ਦੁਪਹਿਰ 4:30 ਸੋਮਵਾਰ ਤੋਂ ਸ਼ੁੱਕਰਵਾਰ (ਵਿਧਾਨਕ ਛੁੱਟੀਆਂ ਤੋਂ ਇਲਾਵਾ)

**ਈਮੇਲ:**
**pcqoffice@fraserhealth.ca**


## ਬ੍ਰਿਟਿਸ਼ ਕੋਲੰਬੀਆ ਦੀ ਪੇਸ਼ੈਂਟ ਕੇਅਰ ਕੁਆਲਟੀ ਸੰਬੰਧੀ ਪ੍ਰਕਿਰਿਆ



ਸਾਲ 2008 ਵਿੱਚ, ਤੁਹਾਡੀ ਸੂਬਾਈ ਸਰਕਾਰ ਨੇ ਬੀ.ਸੀ. ਵਿੱਚ ਮਰੀਜ਼ਾਂ, ਗਾਹਕਾਂ, ਵਸਨੀਕਾਂ ਅਤੇ ਉਨ੍ਹਾਂ ਦੇ ਪਿਆਰਿਆਂ ਵੱਲੋਂ ਸ਼ਿਕਾਇਤਾਂ ਲਈ ਸਪਸ਼ਟ, ਇਕਸਾਰ, ਸਮਾਂਬੱਧ ਅਤੇ ਪਾਰਦਰਸ਼ਕ ਪ੍ਰਕਿਰਿਆ ਲਈ *ਪੇਸ਼ੈਂਟ ਕੇਅਰ ਕੁਆਲਟੀ ਰਿਵਿਊ ਬੋਰਡ ਐਕਟ ਨੂੰ ਪੇਸ਼ ਕੀਤਾ ਸੀ।*

ਇਸ ਐਕਟ ਨੇ ਮਰੀਜ਼ਾਂ ਦੀਆਂ ਚਿੰਤਾਵਾਂ ਸੁਣਨ ਅਤੇ ਉਨ੍ਹਾਂ ਦਾ ਜਵਾਬ ਦੇਣ ਲਈ ਹਰੇਕ ਸਿਹਤ ਅਥਾਰਟੀ ਵਿੱਚ ਪੇਸ਼ੈਂਟ ਕੇਅਰ ਕੁਆਲਿਟੀ ਆਫ਼ਿਸ ਸਥਾਪਤ ਕੀਤਾ।

ਹਰੇਕ ਸਿਹਤ ਅਧਿਕਾਰ ਖੇਤਰ ਲਈ ਇੱਕ ਪੇਸ਼ੈਂਟ ਕੇਅਰ ਕੁਆਲਿਟੀ ਰਿਵਿਊ ਬੋਰਡ ਵੀ ਹੈ। ਉਹ ਦੇਖਭਾਲ ਗੁਣਵੱਤਾ ਸੰਬੰਧੀ ਉਨ੍ਹਾਂ ਸ਼ਿਕਾਇਤਾਂ ਦੀ ਪੜਚੋਲ ਕਰਦੇ ਹਨ ਜਿਨ੍ਹਾਂ ਵੱਲ ਪੇਸ਼ੈਂਟ ਕੇਅਰ ਕੁਆਲਿਟੀ ਆਫ਼ਿਸ ਵੱਲੋਂ ਧਿਆਨ ਤਾਂ ਦਿੱਤਾ ਗਿਆ ਹੈ ਪਰ ਉਨ੍ਹਾਂ ਦਾ ਨਿਪਟਾਰਾ ਨਹੀਂ ਕੀਤਾ ਗਿਆ ਹੈ।

ਅਸੀਂ ਤੁਹਾਡੇ ਵਿਚਾਰ ਅਤੇ ਤੁਹਾਡੇ ਤਜਰਬੇ ਸੁਣਨਾ ਚਾਹੁੰਦੇ ਹਾਂ। ਇਕੱਠਿਆਂ, ਅਸੀਂ ਸਿਹਤ ਦੇਖਭਾਲ ਨੂੰ ਹੋਰ ਵੀ ਬਿਹਤਰ ਬਣਾ ਸਕਦੇ ਹਾਂ।

ਤੁਸੀਂ www.patientcarequalityreviewboard.ca ’ਤੇ ਜਾਂ BC Laws (ਬੀ.ਸੀ. ਲਾਅਜ਼) ਨੂੰ 1 866 236-5544 ’ਤੇ ਟੋਲ-ਫ਼੍ਰੀ ਕਾਲ ਕਰ ਕੇ *ਪੇਸ਼ੈਂਟ ਕੇਅਰ ਕੁਆਲਿਟੀ ਰਿਵਿਊ ਬੋਰਡ ਐਕਟ* ਦੀ ਕਾਪੀ ਹਾਸਲ ਕਰ ਸਕਦੇ ਹੋ।


*ਇਸ ਪਰਚੇ ਦੀਆਂ ਹੋਰ ਨਕਲਾਂ ਲਈ, ਕਿਰਪਾ ਕਰਕੇ ਪ੍ਰਿੰਟ ਨੰਬਰ 280251 ਲਈ ਬੇਨਤੀ ਕਰੋ।*

BRITISH COLUMBIA

Ministry of Health

Printshop # 264233 (July 2012)


# ਦੇਖਭਾਲ ਦੀ ਕੁਆਲਟੀ ਬਾਰੇ ਚਿੰਤਤ ਹੋ? ਸਾਨੂੰ ਦੱਸੋ।









## ਪੇਸ਼ੈਂਟ ਕੇਅਰ ਕੁਆਲਟੀ ਆਫ਼ਿਸ


Punjabi – Jul2012

fraserhealth

*ਬੀ.ਸੀ. ਵਿੱਚ, ਦੇਖਭਾਲ ਬਾਰੇ ਤੁਹਾਡੀਆਂ ਚਿੰਤਾਵਾਂ ਦਾ ਨਿਪਟਾਰਾ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਵਾਲੇ ਲੋਕ ਮੌਜੂਦ ਹਨ।*

*ਅਸੀਂ ਤੁਹਾਡੀਆਂ ਚਿੰਤਾਵਾਂ ਸੁਣ ਸਕਦੇ ਹਾਂ, ਰਸਮੀ ਸ਼ਿਕਾਇਤਾਂ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ ਅਤੇ ਉਨ੍ਹਾਂ ਦਾ ਨਿਪਟਾਰਾ ਕਰਨ ਲਈ ਤੁਹਾਡੇ ਨਾਲ ਕੰਮ ਕਰ ਸਕਦੇ ਹਾਂ।*

## ਆਪਣੇ ਸਵਾਲਾਂ ਜਾਂ ਚਿੰਤਾਵਾਂ ਲਈ ਮੈਂ ਕਿਸ ਨਾਲ ਗੱਲ ਕਰ ਸਕਦਾ/ਸਕਦੀ ਹਾਂ?

### ਸਟਾਫ਼ ਮੈਂਬਰ ਜਾਂ ਮੈਨੇਜਰ

ਜੇ ਆਪਣੀ ਦੇਖਭਾਲ ਬਾਰੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਇਸ ਬਾਰੇ ਤੁਹਾਡੀ ਦੇਖਭਾਲ ਕਰਨ ਵਾਲੇ ਵਿਅਕਤੀ ਜਾਂ ਉਸ ਵਿਅਕਤੀ ਦੇ ਮੈਨੇਜਰ ਨਾਲ ਗੱਲ ਕਰੋ।

ਤੁਹਾਡੀਆਂ ਚਿੰਤਾਵਾਂ ਜਦੋਂ ਅਤੇ ਜਿੱਥੇ ਉਤਪੰਨ ਹੋਣ, ਉਨ੍ਹਾਂ ਬਾਰੇ ਉਦੋਂ ਅਤੇ ਉੱਥੇ ਹੀ ਗੱਲਬਾਤ ਕਰਨਾ ਵਧੀਆ ਰਹਿੰਦਾ ਹੈ।

### ਪੇਸ਼ੇਂਟ ਕੇਅਰ ਕੁਆਲਟੀ ਆਫਿਸ

ਜੇ ਤੁਹਾਨੂੰ ਮੈਨੇਜਰ ਨਾਲ ਗੱਲ ਕਰਨਾ ਔਖਾ ਲੱਗਦਾ ਹੈ ਜਾਂ ਜਿਸ ਢੰਗ ਨਾਲ ਤੁਹਾਡੀਆਂ ਚਿੰਤਾਵਾਂ ਨਾਲ ਨਜਿੱਠਿਆ ਗਿਆ ਹੈ, ਜੇ ਤੁਸੀਂ ਉਸ ਤੋਂ ਨਾਖੁਸ਼ ਹੋ ਤਾਂ ਤੁਸੀਂ ਪੇਸ਼ੇਂਟ ਕੇਅਰ ਕੁਆਲਿਟੀ ਆਫ਼ਿਸ ਨਾਲ ਗੱਲ ਕਰ ਸਕਦੇ ਹੋ।

ਅਸੀਂ ਇੱਥੇ ਦੇਖਭਾਲ ਦੀ ਗੁਣਵੱਤਾ ਸੰਬੰਧੀ ਸ਼ਿਕਾਇਤਾਂ ਦੇ ਨਿਪਟਾਰੇ ਵਿੱਚ ਮਦਦ ਕਰਨ ਲਈ ਹਾਂ। ਅਸੀਂ ਦੇਖਭਾਲ ਬਾਰੇ ਤੁਹਾਡੇ ਸਵਾਲਾਂ ਅਤੇ ਚਿੰਤਾਵਾਂ ਦਾ ਸਵਾਗਤ ਕਰਦੇ ਹਾਂ।

## ਦੇਖਭਾਲ ਦੀ ਗੁਣਵੱਤਾ ਸ਼ਿਕਾਇਤ ਕੀ ਹੈ?

ਦੇਖਭਾਲ ਗੁਣਵੱਤਾ ਸ਼ਿਕਾਇਤ ਉਨ੍ਹਾਂ ਸਿਹਤ ਦੇਖਭਾਲ ਸੇਵਾਵਾਂ ਬਾਰੇ ਹੈ ਜੋ ਅਸੀਂ ਮੁਹੱਈਆ ਕਰਦੇ ਹਾਂ। ਤੁਸੀਂ ਸ਼ਿਕਾਇਤ ਕਰ ਸਕਦੇ ਹੋ:

- ਆਪਣੀ ਖ਼ੁਦ ਦੀ ਦੇਖਭਾਲ ਬਾਰੇ।
- ਆਪਣੇ ਪਿਆਰਿਆਂ ਦੀ ਦੇਖਭਾਲ ਬਾਰੇ।
- ਉਸ ਦੇਖਭਾਲ ਬਾਰੇ ਜਿਸ ਦੀ ਤੁਸੀਂ ਜਾਂ ਤੁਹਾਡੇ ਪਿਆਰਿਆਂ ਨੇ ਆਸ ਕੀਤੀ ਸੀ, ਪਰ ਮਿਲੀ ਨਹੀਂ।

ਜੇ ਤੁਸੀਂ ਕਿਸੇ ਹੋਰ ਲਈ ਸ਼ਿਕਾਇਤ ਕਰਦੇ ਹੋ ਤਾਂ ਸਾਨੂੰ ਮਦਦ ਲਈ ਉਸ ਵਿਅਕਤੀ ਦੀ ਮਨਜ਼ੂਰੀ ਦੀ ਲੋੜ ਪਵੇਗੀ।

ਜਦੋਂ ਤੁਸੀਂ ਦੇਖਭਾਲ ਦੀ ਗੁਣਵੱਤਾ ਸੰਬੰਧੀ ਸ਼ਿਕਾਇਤ ਕਰਦੇ ਹੋ ਤਾਂ ਅਸੀਂ ਇਸ ਦਾ ਨਿਪਟਾਰਾ ਕਰਨ ਲਈ ਤੁਹਾਡੇ ਨਾਲ ਰਲ਼ ਕੇ ਕੰਮ ਕਰਦੇ ਹਾਂ। ਆਪਣੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਲਈ ਅਸੀਂ ਦੇਖਭਾਲ ਦੀ ਗੁਣਵੱਤਾ ਸੰਬੰਧੀ ਸ਼ਿਕਾਇਤਾਂ ਦੀ ਵੀ ਵਰਤੋਂ ਕਰਦੇ ਹਾਂ।

## ਮੇਰੇ ਸ਼ਿਕਾਇਤ ਕਰਨ ਨਾਲ ਕੀ ਹੁੰਦਾ ਹੈ?

ਸ਼ਿਕਾਇਤ ਕਾਰਨ ਸੇਵਾਵਾਂ ਤਕ ਤੁਹਾਡੀ ਪਹੁੰਚ ਨਾਲ ਕੋਈ ਸਮਝੌਤਾ ਨਹੀਂ ਹੋਵੇਗਾ।ਅਸੀਂ ਤੁਹਾਡੀ ਸ਼ਿਕਾਇਤ ਨਾਲ ਤੁਰੰਤ ਅਤੇ ਨਿਰਪੱਖ ਢੰਗ ਨਾਲ ਨਜਿੱਠਾਂਗੇ। ਤੁਸੀਂ ਸਾਡੇ ਤੋਂ ਹੇਠ ਲਿਖੇ ਕਾਰਜਾਂ ਦੀ ਆਸ ਕਰ ਸਕਦੇ ਹੋ:

- ਤੁਹਾਡੀ ਸ਼ਿਕਾਇਤ ਨੂੰ ਰਸਮੀ ਤੌਰ 'ਤੇ ਦਰਜ ਕਰਨਾ।
- ਸ਼ਿਕਾਇਤ ਦੇ ਨਿਪਟਾਰੇ ਲਈ ਤੁਹਾਡੇ ਨਾਲ ਕੰਮ ਕਰਨਾ।
- ਆਪਣੀਆਂ ਕਾਰਵਾਈਆਂ ਅਤੇ ਫ਼ੈਸਲਿਆਂ ਦੀ ਵਿਆਖਿਆ ਕਰਨ ਲਈ 40 ਕੰਮਕਾਜੀ ਦਿਨਾਂ ਅੰਦਰ ਜਵਾਬ ਦੇਣਾ।

ਜੇ ਅਸੀਂ ਤੁਹਾਡੀਆਂ ਸ਼ਿਕਾਇਤਾਂ ਲਈ ਤੁਹਾਡੀ ਮਦਦ ਨਹੀਂ ਕਰ ਸਕਦੇ ਤਾਂ ਅਸੀਂ ਤੁਹਾਨੂੰ ਅਜਿਹੇ ਕਿਸੇ ਵਿਅਕਤੀ ਕੋਲ ਭੇਜ ਸਕਦੇ ਹਾਂ ਜੋ ਮਦਦ ਕਰ ਸਕਦਾ ਹੈ।



*ਤੁਸੀਂ ਕਿੰਝ ਮਹਿਸੂਸ ਕਰਦੇ ਹੋ ਇਸ ਬਾਰੇ ਦੱਸ ਕੇ, ਤੁਸੀਂ ਸਿਹਤ ਦੇਖਭਾਲ ਸੇਵਾਵਾਂ ਨੂੰ ਬਿਹਤਰ*

## ਜੇ ਮੇਰੀ ਚਿੰਤਾ ਫ਼ਿਰ ਵੀ ਖ਼ਤਮ ਨਾ ਹੋਵੇ ਤਾਂ ਕੀ ਹੁੰਦਾ ਹੈ?

### ਪੇਸ਼ੇਂਟ ਕੇਅਰ ਕੁਆਲਟੀ ਰਿਵਿਊ ਬੋਰਡ

ਜੇ ਆਪਣੀ ਸ਼ਿਕਾਇਤ ਪ੍ਰਤੀ ਸਾਡੇ ਜਵਾਬ ਤੋਂ ਤੁਸੀਂ ਸੰਤੁਸ਼ਟ ਨਹੀਂ ਹੋ ਤਾਂ ਤੁਸੀਂ ਪੇਸ਼ੇਂਟ ਕੇਅਰ ਕੁਆਲਿਟੀ ਰਿਵਿਊ ਬੋਰਡ ਨੂੰ ਇਸ ਦੀ ਪੜਚੋਲ ਕਰਨ ਲਈ ਕਹਿ ਸਕਦੇ ਹੋ। ਉਹ ਸਾਡੇ ਤੋਂ ਸੁਤੰਤਰ ਹਨ। ਉਹ ਤੁਹਾਡੀ ਸ਼ਿਕਾਇਤ ਅਤੇ ਸਾਡੇ ਜਵਾਬ ਦੀ ਪੜਚੋਲ ਕਰ ਸਕਦੇ ਹਨ ਅਤੇ ਸਿਹਤ ਦੇਖਭਾਲ ਨੂੰ ਬਿਹਤਰ ਬਣਾਉਣ ਦੇ ਤਰੀਕਿਆਂ ਬਾਰੇ ਸਿਫ਼ਾਰਸ਼ ਕਰ ਸਕਦੇ ਹਨ।

ਹੋਰ ਜਾਣਨ ਲਈ ਉਨ੍ਹਾਂ ਦੀ ਵੈੱਬਸਾਈਟ: **www.PatientCareQualityReviewBoard.ca** 'ਤੇ ਜਾਓ।

ਤੁਸੀਂ ਹੇਠ ਲਿਖੇ ਤਰੀਕਿਆਂ ਬਾਰੇ ਦੁਬਾਰਾ ਪੜਚੋਲ ਲਈ ਬੇਨਤੀ ਕਰ ਸਕਦੇ ਹੋ:

**ਫ਼ੋਨ (ਟੋਲ-ਫ਼੍ਰੀ):** 1 866 952-2448

**ਫ਼ੈਕਸ:** 250 952-2428

**ਈਮੇਲ:** contact@patientcarequalityreviewboard.ca

**ਡਾਕ ਪਤਾ:** PO Box 9643, Victoria B.C. V8W 9P1

Punjabi – Jul2012

British Columbia | Patient Care Quality Review Boards